# ਦਫਤਰ ਰਜਿਸਟਰਾਰ ਸਹਿਕਾਰੀ ਸਭਾਵਾਂ, ਪੰਜਾਬ, ਚੰਡੀਗੜ੍ਹ।
## (ਰਿਣ - 2 ਸ਼ਾਖਾ)

ਵੱਲ

1. ਸਮੂਹ ਵਧੀਕ ਰਜਿਸਟਰਾਰ,
   ਮੁੱਖ ਦਫਤਰ।
2. ਮੈਨੇਜਿੰਗ ਡਾਇਰੈਕਟਰ,
   ਪੰਜਾਬ ਰਾਜ ਸਹਿਕਾਰੀ ਬੈਂਕ ਲਿਮ., ਸੈਕਟਰ 34-ਏ, ਚੰਡੀਗੜ੍ਹ।
3. ਚੀਫ ਆਡੀਟਰ,
   ਸਹਿਕਾਰੀ ਸਭਾਵਾਂ, ਪੰਜਾਬ, ਚੰਡੀਗੜ੍ਹ।
4. ਸਮੂਹ ਸੰਯੁਕਤ/ਉਪ/ਸਹਾਇਕ ਰਜਿਸਟਰਾਰ,
   ਸਹਿਕਾਰੀ ਸਭਾਵਾਂ ਪੰਜਾਬ ਰਾਜ ਵਿੱਚ।
5. ਮੈਨੇਜਿੰਗ ਡਾਇਰੈਕਟਰ/ਜਿਲ੍ਹਾ ਮੈਨੇਜਰ,
   ਸਮੂਹ ਕੇਂਦਰੀ ਸਹਿਕਾਰੀ ਬੈਂਕ ਪੰਜਾਬ ਰਾਜ ਵਿੱਚ।

ਨੰ:ਰਸਸ/ਰਿਣ-2/ਈ.ਸੀ.ਏ.1/ਮੰਗਾਂ/ 312
ਮਿਤੀ : 8-7-16

ਵਿਸ਼ਾ : **ਪੰਜਾਬ ਰਾਜ ਖੇਤੀਬਾੜੀ ਸਹਿਕਾਰੀ ਸਭਾਵਾਂ ਕਰਮਚਾਰੀ ਯੂਨੀਅਨ, ਪੰਜਾਬ (ਰਜਿ.) ਦੀ ਮੰਗ ਨੂੰ ਮੁੱਖ ਰੱਖਦੇ ਹੋਏ ਮੁੱਢਲੀਆਂ ਖੇਤੀਬਾੜੀ ਸਹਿਕਾਰੀ ਸਭਾਵਾਂ ਅਤੇ ਮੁੱਢਲੀਆਂ ਮਲਟੀਪਰਪਜ਼ ਖੇਤੀਬਾੜੀ ਸਹਿਕਾਰੀ ਸਭਾਵਾਂ ਵਿੱਚ ਕੰਮ ਕਰਦੇ ਕਰਮਚਾਰੀਆਂ ਨੂੰ ਕਮਾਈ ਛੁੱਟੀ ਦੇਣ ਸਬੰਧੀ।**

ਪੰਜਾਬ ਰਾਜ ਖੇਤੀਬਾੜੀ ਸਹਿਕਾਰੀ ਸਭਾਵਾਂ ਕਰਮਚਾਰੀ ਯੂਨੀਅਨ, ਪੰਜਾਬ (ਰਜਿ.) ਵੱਲੋਂ ਪੈਕਸ ਦੇ ਕਰਮਚਾਰੀਆਂ ਨੂੰ ਮਿਲਣ ਵਾਲੀ ਕਮਾਈ ਛੁੱਟੀ ਦੇ ਸਬੰਧ ਵਿੱਚ ਜੋ ਪ੍ਰਤੀ ਬੇਨਤੀ ਦਿੱਤੀ ਗਈ ਸੀ, ਇਸ ਦਫਤਰ ਵਿੱਚ ਉਸ ਤੇ ਵਿਚਾਰ ਕੀਤਾ ਗਿਆ। ਵਿਚਾਰਨ ਉਪਰੰਤ ਪੰਜਾਬ ਕੋਆਪਰੇਟਿਵ ਸੋਸਾਇਟੀਜ਼ ਰੂਲਜ਼ 1963 ਦੇ ਰੂਲ 28 ਅਧੀਨ ਪੰਜਾਬ ਰਾਜ ਸਹਿਕਾਰੀ ਖੇਤੀ ਸੇਵਾ ਸਭਾ ਸੇਵਾ ਨਿਯਮ, 1997 ਦੇ ਰੂਲ 18 ਵਿੱਚ ਹੇਠ ਲਿਖੇ ਅਨੁਸਾਰ ਸੋਧ ਕੀਤੀ ਜਾਂਦੀ ਹੈ :-

| ਰੂਲ ਨੰ: | ਮੌਜੂਦਾ ਰੂਲ | ਤਜਵੀਜਤ ਸੋਧ |
|---|---|---|
| 18 | ਹਰ ਇੱਕ ਕਰਮਚਾਰੀ ਨੂੰ ਕਲੰਡਰ ਸਾਲ ਦਰਮਿਆਨ 10 ਦਿਨਾਂ ਦੀ ਕਮਾਈ ਛੁੱਟੀ ਦਿੱਤੀ ਜਾਵੇਗੀ ਜਿਹੜੀ ਕਿ ਸਭਾ ਵਿੱਚ ਕਰਮਚਾਰੀ ਦੀ ਸਰਵਿਸ ਦਰਮਿਆਨ ਵੱਧ ਤੋਂ ਵੱਧ 210 ਤੱਕ ਜਮ੍ਹਾਂ ਕੀਤੀ ਜਾ ਸਕੇਗੀ, ਜਿਸ ਦਾ ਕਿ ਕਰਮਚਾਰੀ ਦੀ ਸੇਵਾਮੁਕਤੀ ਸਮੇਂ ਭੁਗਤਾਨ ਕੀਤਾ ਜਾਵੇਗਾ। | 1. ਹਰ ਇੱਕ ਕਰਮਚਾਰੀ ਇੱਕ ਕਲੰਡਰ ਸਾਲ ਵਿੱਚ 15 ਅਚਨਚੇਤੀ ਛੁੱਟੀਆਂ ਲੈਣ ਦਾ ਹੱਕਦਾਰ ਹੋਵੇਗਾ।<br>2. ਸਭਾ ਦੀ ਸਰਵਿਸ ਵਿੱਚ ਸਾਰੇ ਕਰਮਚਾਰੀ, ਕੇਂਦਰੀ ਸਹਿਕਾਰੀ ਬੈਂਕ ਜਿਸ ਨਾਲ ਸਭਾ ਸਬੰਧਤ ਹੈ, ਵੱਲੋਂ ਕੀਤੀਆਂ ਜਾਂਦੀਆਂ ਛੁੱਟੀਆਂ ਹੀ ਕਰਨਗੇ ਅਤੇ ਪੰਜਾਬ ਸਰਕਾਰ ਦੀਆਂ ਛੁੱਟੀਆਂ ਦਾ ਕਲੰਡਰ ਸਭਾਵਾਂ ਤੇ ਲਾਗੂ ਨਹੀਂ ਹੋਵੇਗਾ।<br>3. ਸਭਾ ਵਿੱਚ ਸਥਾਈ ਕਰਮਚਾਰੀ ਨੂੰ ਕਮਾਈ ਛੁੱਟੀ ਹੇਠ ਲਿਖੇ ਅਨੁਸਾਰ ਮਿਲਣ ਯੋਗ ਹੋਵੇਗੀ :-<br>ੳ. ਸੇਵਾ ਦੇ ਪਹਿਲੇ 10 ਸਾਲ ਦੇ ਦੌਰਾਨ, ਡਿਊਟੀ ਦੇ ਬਿਤਾਏ ਸਮੇਂ ਦਾ 1/24.<br>ਅ. 10 ਸਾਲ ਤੋਂ ਵੱਧ ਸੇਵਾ ਦੌਰਾਨ ਡਿਊਟੀ ਤੇ |

| | |
|---|---|
| | ਬਿਤਾਏ ਸਮੇਂ ਦਾ 1/18. ਇਹ ਛੁੱਟੀ ਸਭਾ ਵਿੱਚ ਕਰਮਚਾਰੀ ਦੀ ਸੇਵਾ ਦਰਮਿਆਨ ਵੱਧ ਤੋਂ ਵੱਧ 300 ਦਿਨਾਂ ਤੱਕ ਜਮ੍ਹਾਂ ਕੀਤੀ ਜਾ ਸਕੇਗੀ, ਜਿਸ ਦਾ ਕਿ ਕਰਮਚਾਰੀ ਦੀ ਸੇਵਾ ਮੁਕਤੀ ਸਮੇਂ ਭੁਗਤਾਨ ਕੀਤਾ ਜਾਵੇਗਾ। |
| "ਅੱਧ ਵੇਤਨੀ, ਪਰਵਰਤਿਤ ਛੁੱਟੀ ਨਾ ਬਣਦੀ ਛੁੱਟੀ " (Half pay leave, commuted leave and leave not due)) ਸਭਾ ਦੇ ਹਰ ਕਰਮਚਾਰੀ ਨੂੰ ਸੇਵਾ ਦੇ ਹਰੇਕ ਮੁਕੰਮਲ ਕੀਤੇ ਸਾਲ ਵਿੱਚ ਮਿਲਣਯੋਗ ਅੱਧ ਵੇਤਨੀ ਛੁੱਟੀ 20 ਦਿਨ ਹੋਵੇਗੀ। ਕਰਮਚਾਰੀ ਦੀ ਬਣਦੀ ਅੱਧ ਵੇਤਨੀ ਛੁੱਟੀ ਦੀ ਮਾਤਰਾ ਦੇ ਅੱਧ ਤੋਂ ਨਾਂ ਵਧਦੀ ਪਰਵਰਤਿਤ ਕੇਵਲ ਮੈਡੀਕਲ ਸਰਟੀਫਿਕੇਟ ਤੇ ਪ੍ਰਾਪਤ ਹੋਵੇਗੀ। ਸਾਰੀ ਸੇਵਾ ਦੇ ਦੌਰਾਨ ਪਰਵਰਤਿਤ ਛੁੱਟੀ ਵੱਧ ਤੋਂ ਵੱਧ 240 ਦਿਨਾਂ ਤੱਕ ਸੀਮਿਤ ਹੋਵੇਗੀ। ਜਦ ਪਰਵਰਤਿਤ ਛੁੱਟੀ ਦਿੱਤੀ ਜਾਵੇ, ਤੱਦ ਅਜਿਹੀ ਛੁੱਟੀ ਦੀ ਦੁੱਗਣੀ ਮਾਤਰਾ ਬਣਦੀ ਅੱਧ ਬੇਨਤੀ ਛੁੱਟੀ ਦੇ ਖਾਤੇ ਵਿੱਚ ਨਾਵੇ (Debit) ਪਾਈ ਜਾਵੇਗੀ ਘੱਟੋ ਘੱਟ 15 ਦਿਨਾਂ ਦੀ ਪਰਵਰਤਿਤ ਛੁੱਟੀ ਮੰਜੂਰ ਕੀਤੀ ਜਾ ਸਕੇਗੀ। | 4. "ਅੱਧ ਵੇਤਨੀ, ਪਰਵਰਤਿਤ ਛੁੱਟੀ ਨਾ ਬਣਦੀ ਛੁੱਟੀ " (Half pay leave, commuted leave and leave not due)) ਸਭਾ ਦੇ ਹਰ ਕਰਮਚਾਰੀ ਨੂੰ ਸੇਵਾ ਦੇ ਹਰੇਕ ਮੁਕੰਮਲ ਕੀਤੇ ਸਾਲ ਵਿੱਚ ਮਿਲਣਯੋਗ ਅੱਧ ਵੇਤਨੀ ਛੁੱਟੀ 20 ਦਿਨ ਹੋਵੇਗੀ। ਕਰਮਚਾਰੀ ਦੀ ਬਣਦੀ ਅੱਧ ਵੇਤਨੀ ਛੁੱਟੀ ਦੀ ਮਾਤਰਾ ਦੇ ਅੱਧ ਤੋਂ ਨਾਂ ਵਧਦੀ ਪਰਵਰਤਿਤ ਕੇਵਲ ਮੈਡੀਕਲ ਸਰਟੀਫਿਕੇਟ ਤੇ ਪ੍ਰਾਪਤ ਹੋਵੇਗੀ। ਸਾਰੀ ਸੇਵਾ ਦੇ ਦੌਰਾਨ ਪਰਵਰਤਿਤ ਛੁੱਟੀ ਵੱਧ ਤੋਂ ਵੱਧ 240 ਦਿਨਾਂ ਤੱਕ ਸੀਮਿਤ ਹੋਵੇਗੀ। ਜਦ ਪਰਵਰਤਿਤ ਛੁੱਟੀ ਦਿੱਤੀ ਜਾਵੇ, ਤੱਦ ਅਜਿਹੀ ਛੁੱਟੀ ਦੀ ਦੁੱਗਣੀ ਮਾਤਰਾ ਬਣਦੀ ਅੱਧ ਵੇਤਨੀ ਛੁੱਟੀ ਦੇ ਖਾਤੇ ਵਿੱਚ ਨਾਵੇ (Debit) ਪਾਈ ਜਾਵੇਗੀ। ਘੱਟੋ ਘੱਟ 15 ਦਿਨਾਂ ਦੀ ਪਰਵਰਤਿਤ ਛੁੱਟੀ ਮੰਜੂਰ ਕੀਤੀ ਜਾ ਸਕੇਗੀ। |

ਉਪਰੋਕਤ ਅਨੁਸਾਰ ਕਮਾਈ ਛੁੱਟੀ ਸਬੰਧੀ ਮੌਜੂਦਾ ਰੂਲਾਂ ਵਿੱਚ ਜੋ ਤਬਦੀਲੀ ਹੋਈ ਹੈ ਉਹ ਇਸ ਪੱਤਰ ਦੇ ਜਾਰੀ ਹੋਣ ਦੀ ਮਿਤੀ ਤੋਂ ਬਾਅਦ ਲਾਗੂ ਹੋਵੇਗੀ। ਪੱਤਰ ਜਾਰੀ ਹੋਣ ਤੋਂ ਪਹਿਲਾਂ ਦਿੱਤੀ ਗਈ ਡਿਊਟੀ ਤੇ ਪਹਿਲੇ ਰੂਲਾਂ ਅਨੁਸਾਰ ਹੀ ਕਮਾਈ ਛੁੱਟੀ ਗਿਣੀ ਜਾਵੇਗੀ।

ਇਹ ਪੱਤਰ ਰਜਿਸਟਰਾਰ, ਸਹਿਕਾਰੀ ਸਭਾਵਾਂ ਜੀ ਦੀ ਪ੍ਰਵਾਨਗੀ ਨਾਲ ਜਾਰੀ ਕੀਤਾ ਜਾਂਦਾ ਹੈ।

8.7.16

ਵਧੀਕ ਰਜਿਸਟਰਾਰ (ਰਿਣ),
ਵਾ:ਰਜਿਸਟਰਾਰ, ਸਹਿਕਾਰੀ ਸਭਾਵਾਂ,
ਪੰਜਾਬ, ਚੰਡੀਗੜ੍ਹ।

ਪਿੱਠ ਅੰਕਣ ਨੰ:ਰਸ਼ਸ/ਰਿਣ-2/ਈ.ਸੀ.ਏ.1/ਮੰਗਾਂ/313 ਮਿਤੀ : 8-7-16

ਉਪਰੋਕਤ ਦਾ ਉਤਾਰਾ ਮੈਨੇਜਿੰਗ ਡਾਇਰੈਕਟਰ, ਪੰਨਕੋਫੈਡ ਨੂੰ ਭੇਜ ਕੇ ਬੇਨਤੀ ਕੀਤੀ ਜਾਂਦੀ ਹੈ ਕਿ ਇਹ ਪੱਤਰ ਪੰਜਾਬ ਕੋਆਪਰੇਸ਼ਨ ਮੈਗਜ਼ੀਨ ਵਿੱਚ ਛਾਪ ਦਿੱਤਾ ਜਾਵੇ।

8.7.16

ਵਧੀਕ ਰਜਿਸਟਰਾਰ (ਰਿਣ),
ਵਾ:ਰਜਿਸਟਰਾਰ, ਸਹਿਕਾਰੀ ਸਭਾਵਾਂ,
ਪੰਜਾਬ, ਚੰਡੀਗੜ੍ਹ।

## ਦਫਤਰ ਰਜਿਸਟਰਾਰ ਸਹਿਕਾਰੀ ਸਭਾਵਾਂ, ਪੰਜਾਬ, ਚੰਡੀਗੜ੍ਹ।
## (ਰਿਣ - 2 ਸ਼ਾਖਾ)

ਵੱਲ

1. ਸਮੂਹ ਵਧੀਕ ਰਜਿਸਟਰਾਰ,
   ਮੁੱਖ ਦਫਤਰ।
2. ਮੈਨੇਜਿੰਗ ਡਾਇਰੈਕਟਰ,
   ਪੰਜਾਬ ਰਾਜ ਸਹਿਕਾਰੀ ਬੈਂਕ ਲਿਮ., ਸੈਕਟਰ 34-ਏ, ਚੰਡੀਗੜ੍ਹ।
3. ਚੀਫ ਆਡੀਟਰ,
   ਸਹਿਕਾਰੀ ਸਭਾਵਾਂ, ਪੰਜਾਬ, ਚੰਡੀਗੜ੍ਹ।
4. ਸਮੂਹ ਸੰਯੁਕਤ/ਉਪ/ਸਹਾਇਕ ਰਜਿਸਟਰਾਰ,
   ਸਹਿਕਾਰੀ ਸਭਾਵਾਂ ਪੰਜਾਬ ਰਾਜ ਵਿੱਚ।
5. ਮੈਨੇਜਿੰਗ ਡਾਇਰੈਕਟਰ/ਜਿਲ੍ਹਾ ਮੈਨੇਜਰ,
   ਸਮੂਹ ਕੇਂਦਰੀ ਸਹਿਕਾਰੀ ਬੈਂਕ ਪੰਜਾਬ ਰਾਜ ਵਿੱਚ।

ਨੰ:ਰਸਸ/ਰਿਣ-2/ਈ.ਸੀ.ਏ.1/ਮੰਗਾਂ/ 310
ਮਿਤੀ : 8-7-16

ਵਿਸ਼ਾ : **ਪੰਜਾਬ ਰਾਜ ਖੇਤੀਬਾੜੀ ਸਹਿਕਾਰੀ ਸਭਾਵਾਂ ਕਰਮਚਾਰੀ ਯੂਨੀਅਨ, ਪੰਜਾਬ (ਰਜਿ.) ਦੀ ਮੰਗ ਨੂੰ ਮੁੱਖ ਰੱਖਦੇ ਹੋਏ ਮੁੱਢਲੀਆਂ ਖੇਤੀਬਾੜੀ ਸਹਿਕਾਰੀ ਸਭਾਵਾਂ ਅਤੇ ਮੁੱਢਲੀਆਂ ਮਲਟੀਪਰਪਜ਼ ਖੇਤੀਬਾੜੀ ਸਹਿਕਾਰੀ ਸਭਾਵਾਂ ਵਿੱਚ ਠੇਕੇ ਦੇ ਆਧਾਰ ਤੇ ਕੰਮ ਕਰ ਰਹੇ ਕਰਮਚਾਰੀਆਂ ਦੀਆਂ ਸੇਵਾਵਾਂ ਨੂੰ ਰੈਗੂਲਰ ਕਰਨ ਅਤੇ ਨਿਰਧਾਰਿਤ ਤਨਖ਼ਾਹ ਸਕੇਲ ਦੇਣ ਬਾਰੇ।**

ਹਵਾਲਾ : ਇਸ ਦਫਤਰ ਦਾ ਪੱਤਰ ਨੰ: ਰਸਸ/ਰਿਣ/ਸੀ.ਏ.5/134 ਮਿਤੀ 04-04-12, ਨੰ: 423 ਮਿਤੀ 04-10-12 ਅਤੇ ਨੰ: 6601 ਮਿਤੀ 14-08-14

ਮੁੱਢਲੀਆਂ ਖੇਤੀਬਾੜੀ ਸਹਿਕਾਰੀ ਸਭਾਵਾਂ ਨੂੰ ਹੇਠ ਲਿਖੀਆਂ ਸ਼ਰਤਾਂ ਦੇ ਨਾਲ ਉਨ੍ਹਾਂ ਵਿਚ ਠੇਕੇ ਤੇ ਕੰਮ ਕਰ ਰਹੇ ਕਰਮਚਾਰੀਆਂ ਨੂੰ ਰੈਗੂਲਰ ਨਿਯੁਕਤੀ ਅਤੇ ਰੂਲਾਂ ਅਨੁਸਾਰ ਨਿਰਧਾਰਤ ਸਕੇਲ ਦੇਣ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ :-

1. i) ਠੇਕੇ ਤੇ ਕੰਮ ਕਰ ਰਹੇ ਕੇਵਲ ਉਨ੍ਹਾਂ ਕਰਮਚਾਰੀਆਂ ਨੂੰ ਰੈਗੂਲਰ ਨਿਯੁਕਤੀ ਦੇਣ ਲਈ ਵਿਚਾਰਿਆ ਜਾਵੇਗਾ ਜੋ 1997 ਦੇ ਨਿਯਮਾਂ ਦੇ ਨਿਯਮ 5(i) ਦੇ ਪ੍ਰਾਵਧਾਨਾਂ ਅਨੁਸਾਰ ਅਤੇ ਰਜਿਸਟਰਾਰ ਵਲੋਂ ਸਮੇਂ-ਸਮੇਂ ਤੇ ਜਾਰੀ ਹਦਾਇਤਾਂ ਅਨੁਸਾਰ ਸਭਾ ਵਿਚ ਪ੍ਰਵਾਨਿਤ ਨਿਯਮਿਤ ਅਸਾਮੀ ਵਿਰੁੱਧ ਪਾਰਦਰਸ਼ੀ ਤਰੀਕੇ ਨਾਲ ਯੋਗ ਪ੍ਰਕ੍ਰਿਆ ਅਪਣਾਉਣ ਉਪਰੰਤ ਨਿਯੁਕਤ ਕੀਤੇ ਗਏ ਸਨ।

   ii) ਕੇਵਲ ਉਨ੍ਹਾਂ ਨੂੰ ਕਰਮਚਾਰੀਆਂ ਨੂੰ ਰੈਗੂਲਰ ਨਿਯੁਕਤੀ ਲਈ ਵਿਚਾਰਿਆ ਜਾਵੇਗਾ ਜੋ ਉਸ ਅਸਾਮੀ ਲਈ ਵਿਦਿਅਕ ਯੋਗਤਾ ਅਤੇ ਨਿਰਧਾਰਿਤ ਹੋਰ ਸ਼ਰਤਾਂ ਪੂਰੀਆਂ ਕਰਦੇ ਹੋਣ ਅਤੇ ਜਿਨ੍ਹਾਂ ਨੇ ਘੱਟੋ-ਘੱਟ 2 ਸਾਲਾਂ ਦੀ ਤਸੱਲੀਬਖ਼ਸ਼ਤ ਸੇਵਾ ਸਭਾ ਵਿਚ ਪੂਰੀ ਕਰ ਲਈ ਹੋਵੇ। ਉਹ ਕਰਮਚਾਰੀ ਜਿਨ੍ਹਾਂ ਵਿਰੁੱਧ ਅਨੁਸ਼ਾਸ਼ਨੀ ਕਾਰਵਾਈ ਜਾਂ ਕੋਈ ਗੰਭੀਰ ਪੜਤਾਲ ਲੰਬਿਤ ਹੋਵੇ ਜਾਂ ਵੱਡੀ ਸਜ਼ਾ ਦਿੱਤੀ ਗਈ ਹੋਵੇ, ਉਨ੍ਹਾਂ ਨੂੰ ਨਿਯਮਿਤ ਕਰਨ ਲਈ ਵਿਚਾਰਿਆ ਨਹੀਂ ਜਾਵੇਗਾ।

   iii) ਕਰਮਚਾਰੀਆਂ ਨੂੰ ਰੈਗੂਲਰ ਨਿਯੁਕਤੀ ਦੇ ਕੇ ਰੈਗੂਲਰ ਸਕੇਲ ਉਹ ਹੀ ਸਭਾ ਦੇ ਸਕੇਗੀ ਜੋ ਕਿ ਰੈਗੂਲਰ ਸਕੇਲ ਦੇਣ ਦੀ ਵਿੱਤੀ ਸਮਰੱਥਾ ਰੱਖਦੀ ਹੋਵੇ ਅਤੇ ਪਿੱਛਲੇ 3 ਸਾਲਾਂ ਤੋਂ ਲਗਾਤਾਰ ਲਾਭ ਵਿੱਚ ਹੋਵੇ। ਸਭਾ ਲਾਭ ਵਿਚ ਹੈ ਜਾਂ ਨਹੀਂ ਇਸ ਦਾ ਫੈਸਲਾ

ਸਭਾ ਦੀਆਂ ਪਿੱਛਲੇ 3 ਸਾਲਾਂ ਦੀਆਂ ਆਡਿਟਡ ਬੈਲੰਸਸ਼ੀਟਾਂ ਦੇ ਆਧਾਰ ਤੇ ਕੀਤਾ ਜਾਵੇ।

iv) ਇਸ ਤੋਂ ਇਲਾਵਾ ਕਰਮਚਾਰੀਆਂ ਨੂੰ ਨਿਯਮਿਤ ਨਿਯੁਕਤੀ ਅਤੇ ਸਕੇਲ ਅਨੁਸਾਰ ਤਨਖ਼ਾਹਾਂ ਦੇਣ ਸਬੰਧੀ ਸਭਾ ਦੀ ਉਪਰਲੇ ਪੈਰਾ (iii) ਅਨੁਸਾਰ ਯੋਗਤਾ ਦੇਖਣ ਲਈ ਹੇਠ ਲਿਖੇ ਅਨੁਸਾਰ ਛੋਟਾਂ ਦਿੱਤੀਆਂ ਜਾਂਦੀਆਂ ਹਨ:-

ੳ) ਸਭਾ ਵੱਲੋਂ ਪਿਛਲੇ ਤਿੰਨ ਸਾਲਾਂ ਦੌਰਾਨ ਕਰਮਚਾਰੀਆਂ ਨੂੰ ਦਿੱਤੇ ਸੇਵਾ-ਨਵਿਰਤੀ ਲਾਭਾਂ ਨੂੰ ਇਕੋ ਸਾਲ ਵਿੱਚ ਗਿਣਨ ਦੀ ਬਜਾਏ 5 ਸਾਲਾਂ ਵਿਚ ਵੰਡ ਕੇ ਹਰ ਸਾਲ 1/5 ਹਿੱਸਾ ਖ਼ਰਚੇ ਵਜੋਂ ਗਿਣਿਆ ਜਾਵੇ। ਉਦਾਹਰਣ ਦੇ ਤੌਰ ਤੇ ਜੇਕਰ ਸਾਲ 2014-15 ਵਿਚ 10 ਲੱਖ ਰੁਪਏ ਸੇਵਾ-ਨਵਿਰਤੀ ਲਾਭਾਂ ਵਜੋਂ ਦਿੱਤੇ ਗਏ ਹੋਣ ਤਾਂ ਸਾਲ 2014-15 ਵਿਚ ਕੇਵਲ 2 ਲੱਖ ਰੁਪਏ ਨੂੰ ਇਸ ਮੱਦ ਅਧੀਨ ਖ਼ਰਚੇ ਵਜੋਂ ਗਿਣਿਆ ਜਾਵੇ। ਬਾਕੀ ਰਹਿੰਦੇ 8 ਲੱਖ ਰੁਪਏ ਨੂੰ ਆਉਂਦੇ 4 ਸਾਲਾਂ ਵਿਚ ਭਾਵ ਸਾਲ 2015-16, 2016-17, 2017-18 ਅਤੇ 2018-19 ਵਿਚ ਪ੍ਰਤੀ ਸਾਲ 2 ਲੱਖ ਰੁਪਏ ਅਕਾਊਂਟ-ਫਾਰ ਕੀਤਾ ਜਾਵੇ।

ਅ) ਐਗਰੋ-ਸਰਵਿਸ ਸੈਂਟਰਾਂ ਲਈ ਖ਼ਰੀਦੇ ਗਏ ਖੇਤੀ ਸੰਦਾਂ ਦੀ Depreciation ਨੂੰ ਸੰਦਾਂ ਦੇ ਖਰੀਦ ਦੇ ਸਾਲ ਤੋਂ ਪਹਿਲੇ 3 ਸਾਲਾਂ ਲਈ ਸਭਾ ਦੇ ਖ਼ਰਚੇ ਦੀ ਮੱਦ ਵਿਚ ਸ਼ਾਮਲ ਨਹੀ ਕੀਤਾ ਜਾਵੇਗਾ।

ੲ) ਜੇਕਰ ਕੇਂਦਰੀ ਸਹਿਕਾਰੀ ਬੈਂਕ ਵਲੋਂ ਕਿਸੇ ਮਾਲੀ ਵਰ੍ਹੇ ਵਿਚ ਸਭਾ ਨੂੰ ਵੱਧ ਵਿਆਜ਼ ਲਗਾ ਦਿੱਤਾ ਜਾਂਦਾ ਹੈ ਅਤੇ ਉਸ ਦੀ ਦਰੁੱਸਤੀ ਅਗਲੇ ਮਾਲੀ ਸਾਲ ਵਿਚ ਕੀਤੀ ਜਾਂਦੀ ਹੈ ਤਾਂ ਕੀਤੀ ਗਈ ਦਰੁੱਸਤੀ ਨੂੰ ਉਸੇ ਸਾਲ ਵਿਚ ਮੰਨਿਆ ਜਾਵੇ ਜਿਸ ਸਾਲ ਵਿਚ ਵੱਧ ਵਿਆਜ਼ ਲਗਾਇਆ ਗਿਆ ਸੀ।

2. ਜੇਕਰ ਕੋਈ ਸਭਾ ਆਪਣੇ ਠੇਕੇ ਤੇ ਨਿਯੁਕਤ ਕੀਤੇ ਕਰਮਚਾਰੀਆਂ ਨੂੰ ਉਪਰੋਕਤ ਸ਼ਰਤਾਂ ਅਨੁਸਾਰ ਨਿਯਮਿਤ ਸਕੇਲ ਦੇਣਾ ਵਾਜ਼ਿਬ ਸਮਝਦੀ ਹੈ, ਤਾਂ ਉਸ ਸਭਾ ਨੂੰ ਇਸ ਸਬੰਧ ਵਿਚ ਇਕ ਮੱਤਾ ਪਾਸ ਕਰਨਾ ਪਵੇਗਾ ਅਤੇ ਸਬੰਧਤ ਸਹਾਇਕ ਰਜਿਸਟਰਾਰ ਕੋਲ ਪ੍ਰਵਾਨਗੀ ਲਈ ਭੇਜਣਾ ਪਵੇਗਾ। ਸਬੰਧਤ ਸਹਾਇਕ ਰਜਿਸਟਰਾਰ ਉਪਰੋਕਤ ਸਭਾ ਦੇ ਮੱਤੇ ਨੂੰ ਘੋਖਣ ਉਪਰੰਤ ਮੱਤੇ ਦੇ ਪ੍ਰਾਪਤ ਹੋਣ ਦੀ ਮਿਤੀ ਤੋਂ ਇਕ ਮਹੀਨੇ ਦੇ ਅੰਦਰ-ਅੰਦਰ ਲਾਜ਼ਮੀ ਤੌਰ ਤੇ ਆਪਣੀ ਸਹਿਮਤੀ ਜਾਂ ਅਸਹਿਮਤੀ ਸਭਾ ਨੂੰ ਸੂਚਿਤ ਕਰੇਗਾ। ਜੇਕਰ ਉਹ ਸਭਾ ਦੀ ਤਜਵੀਜ਼ ਨੂੰ ਰੱਦ ਕਰਦਾ ਹੈ ਤਾਂ ਉਹ ਆਪਣੇ ਫੈਸਲੇ ਦੇ ਕਾਰਨ ਦੱਸਦੇ ਹੋਏ ਇਸ ਬਾਰੇ ਸਭਾ ਨੂੰ ਜਾਣੂ ਕਰਵਾਏਗਾ।

3. ਠੇਕੇ ਤੇ ਕੰਮ ਕਰ ਰਹੇ ਕਰਮਚਾਰੀਆਂ ਦੀ ਰੈਗੂਲਰ ਨਿਯੁਕਤੀ ਸਹਾਇਕ ਰਜਿਸਟਰਾਰ ਵਲੋਂ ਦਿੱਤੀ ਗਈ ਪ੍ਰਵਾਨਗੀ ਦੀ ਮਿਤੀ ਤੋਂ ਲਾਗੂ ਹੋਵੇਗੀ ਅਤੇ ਉਨ੍ਹਾਂ ਨੂੰ ਸਕੇਲਾਂ ਅਨੁਸਾਰ ਤਨਖ਼ਾਹ ਵੀ ਪ੍ਰਵਾਨਗੀ ਦੀ ਮਿਤੀ ਤੋਂ ਹੀ ਦਿੱਤੀ ਜਾਵੇਗੀ ਅਤੇ ਪਿੱਛਲੇ ਸਾਲਾਂ ਦੌਰਾਨ ਕੀਤੀ ਸੇਵਾ ਦਾ ਕੋਈ ਵੀ ਲਾਭ ਕਿਸੇ ਵੀ ਹਾਲਤ ਵਿਚ ਨਹੀਂ ਦਿੱਤਾ ਜਾਵੇਗਾ।

4. ਸਭਾ ਆਪਣੇ ਕਰਮਚਾਰੀਆਂ ਦੀਆਂ ਤਨਖ਼ਾਹਾਂ ਦਾ ਖ਼ਰਚ ਕੇਵਲ ਆਪਣੇ ਸਾਧਨਾਂ ਤੋਂ ਹੀ ਕਰੇਗੀ। ਸਭਾ ਦੇ ਕਰਮਚਾਰੀਆਂ ਦੀ ਤਨਖਾਹ ਤੇ ਹੋਣ ਵਾਲਾ ਖ਼ਰਚਾ 1997 ਦੇ ਨਿਯਮਾਂ ਦੇ ਨਿਯਮ 7(iii) ਦੇ ਪ੍ਰਾਵਧਾਨ ਅਨੁਸਾਰ ਸਭਾ ਦੀ ਕੁੱਲ ਸਲਾਨਾ ਆਮਦਨ ਦੇ 75% ਤੋਂ ਵੱਧ ਨਹੀਂ ਹੋਵੇਗਾ।

ਜੇਕਰ ਕਰਮਚਾਰੀਆਂ ਨੂੰ ਰੈਗੂਲਰ ਕਰਨ ਉਪਰੰਤ ਕਿਸੇ ਵੀ ਸਮੇਂ ਸਭਾ ਦਾ ਕਰਮਚਾਰੀਆਂ ਦੀਆਂ ਤਨਖ਼ਾਹਾਂ ਤੇ ਕੀਤਾ ਜਾਣ ਵਾਲਾ ਖ਼ਰਚ ਉਪਰੋਕਤ ਨਿਰਧਾਰਿਤ ਸੀਮਾਂ ਦੇ ਅੰਦਰ ਨਹੀਂ ਰਹਿੰਦਾ ਅਤੇ ਉਸ ਤੋਂ ਵੱਧ ਜਾਂਦਾ ਹੈ, ਤਾਂ ਸਭਾ ਉਪਰੋਕਤ ਅਨੁਸਾਰ ਨਿਯਮਿਤ ਕੀਤੇ ਕਰਮਚਾਰੀ ਨੂੰ ਸੇਵਾਵਾਂ ਤੋਂ ਹਟਾ ਸਕੇਗੀ ਜਾਂ ਉਸ ਨੂੰ ਘੱਟ ਤਨਖ਼ਾਹ ਤੇ ਰੱਖਣ ਸਬੰਧੀ ਆਪਸੀ ਸਹਿਮਤੀ ਦੇ ਆਧਾਰ ਤੇ ਫੈਸਲਾ ਲੈ ਸਕੇਗੀ ਪਰੰਤੂ

ਇਸ ਸਹਿਮਤੀ ਅਨੁਸਾਰ ਨਿਸ਼ਚਿਤ ਕੀਤੀ ਤਨਖ਼ਾਹ ਸਬੰਧਤ ਜਿਲ੍ਹੇ ਦੇ ਡਿਪਟੀ ਕਮਿਸ਼ਨਰ ਵੱਲੋਂ ਸਬੰਧਤ ਕੈਟਾਗਰੀ ਲਈ ਨਿਸਚਿਤ ਕੀਤੇ minimum wages ਨਾਲੋ ਘੱਟ ਨਹੀਂ ਹੋਵੇਗੀ।

5. ਇਹ ਹਦਾਇਤਾਂ ਕਿਸੇ ਵੀ ਅਦਾਲਤ ਵਲੋ ਪਾਸ ਕੀਤੇ ਗਏ ਹੁਕਮ/ਅਵਾਰਡ ਆਦਿ ਦੇ ਅਧੀਨ ਹੋਣਗੀਆਂ।

ਰਜਿਸਟਰਾਰ ਦਫ਼ਤਰ ਵਲੋਂ ਜਾਰੀ ਪੱਤਰ ਮਿਤੀ 04-04-2012 ਅਤੇ 04-10-2012 ਲਾਗੂ ਰਹਿਣਗੇ। ਜੇਕਰ ਇਨ੍ਹਾਂ ਪੱਤਰਾਂ ਅਤੇ ਹੁਣ ਇਨ੍ਹਾਂ ਹੁਕਮਾਂ ਰਾਹੀਂ ਜਾਰੀ ਹਦਾਇਤਾਂ ਵਿੱਚ ਕੋਈ ਫਰਕ/ਟਕਰਾਅ ਹੋਵੇ ਤਾਂ ਮੌਜੂਦਾ ਹੁਕਮ/ ਹਦਾਇਤਾਂ, ਪਹਿਲਾ ਜਾਰੀ ਹਦਾਇਤਾਂ ਨੂੰ ਸੁਪਰਸੀਡ ਕਰਨਗੀਆਂ।

ਇਹ ਹਦਾਇਤਾਂ ਪੰਜਾਬ ਰਾਜ ਸਹਿਕਾਰੀ ਸਭਾਵਾਂ ਰੂਲਜ਼ 1963 ਦੇ ਨਿਯਮ 28 ਅਤੇ ਨਿਯਮ 45 ਅਧੀਨ ਜਾਰੀ ਕੀਤੀਆਂ ਜਾਂਦੀਆਂ ਹਨ।

ਇਹ ਪੱਤਰ ਰਜਿਸਟਰਾਰ, ਸਹਿਕਾਰੀ ਸਭਾਵਾਂ ਜੀ ਦੀ ਪ੍ਰਵਾਨਗੀ ਨਾਲ ਜਾਰੀ ਕੀਤਾ ਜਾਂਦਾ ਹੈ।

8.7.16

ਵਧੀਕ ਰਜਿਸਟਰਾਰ (ਰਿਣ),
ਵਾ:ਰਜਿਸਟਰਾਰ, ਸਹਿਕਾਰੀ ਸਭਾਵਾਂ,
ਪੰਜਾਬ, ਚੰਡੀਗੜ੍ਹ।

ਪਿੱਠ ਅੰਕਣ ਨੰ:ਰਸਸ/ਰਿਣ-2/ਈ.ਸੀ.ਏ.1/ਮੰਗਾਂ/ 311 ਮਿਤੀ : 8-7-16

ਉਪਰੋਕਤ ਦਾ ਉਤਾਰਾ ਮੈਨੇਜਿੰਗ ਡਾਇਰੈਕਟਰ, ਪੰਨਕੋਫੈਡ ਨੂੰ ਭੇਜ ਕੇ ਬੇਨਤੀ ਕੀਤੀ ਜਾਂਦੀ ਹੈ ਕਿ ਇਹ ਪੱਤਰ ਪੰਜਾਬ ਕੋਆਪਰੇਸ਼ਨ ਮੈਗਜ਼ੀਨ ਵਿੱਚ ਛਾਪ ਦਿੱਤਾ ਜਾਵੇ।

8.7.16

ਵਧੀਕ ਰਜਿਸਟਰਾਰ (ਰਿਣ),
ਵਾ:ਰਜਿਸਟਰਾਰ, ਸਹਿਕਾਰੀ ਸਭਾਵਾਂ,
ਪੰਜਾਬ, ਚੰਡੀਗੜ੍ਹ।

ਦਫ਼ਤਰ ਰਜਿਸਟਰਾਰ, ਸਹਿਕਾਰੀ ਸਭਾਵਾਂ, ਪੰਜਾਬ, ਚੰਡੀਗੜ੍ਹ
(ਰਿਣ-2 ਸ਼ਾਖਾ)

ਵੱਲ

ਸਮੂਹ ਸੰਯੁਕਤ / ਉਪ / ਸਹਾਇਕ ਰਜਿਸਟਰਾਰ,
ਖੇਤਰ ਵਿਚ।

ਨੰ: ਰਸਸ/ਰਿਣ-2/ਸੀ.ਈ.ਏ-1/ਸ.ਗਠਨ/ਪੁਨਰਗਠਨ/ 413
ਮਿਤੀ: 29.9.16

ਵਿਸ਼ਾ: ਮੁੱਢਲੀਆਂ/ਬਹੁਮੰਤਵੀ ਖੇਤੀਬਾੜੀ ਸਹਿਕਾਰੀ ਸਭਾਵਾਂ ਦੀ ਅਮਲਗਾਮੇਸ਼ਨ ਅਤੇ ਬਾਈਫਰਕੇਸ਼ਨ ਸਬੰਧੀ

ਹਵਾਲਾ: ਇਸ ਦਫਤਰ ਦਾ ਪੱਤਰ ਨੰ: ਰਿਣ/ਸੀ.ਏ.5/ਸੀ.10/2031 ਮਿਤੀ 10-08-1987, ਨੰ: 257 ਮਿਤੀ 02-03-1995 ਅਤੇ ਪੱਤਰ ਨੰ: 690 ਮਿਤੀ 24-08-1998

ਮੁੱਢਲੀਆਂ/ਬਹੁਮੰਤਵੀ ਖੇਤੀਬਾੜੀ ਸਹਿਕਾਰੀ ਸਭਾਵਾਂ ਦੀ ਅਮਲਗਾਮੇਸ਼ਨ ਅਤੇ ਬਾਈਫਰਕੇਸ਼ਨ ਸਬੰਧੀ ਹਵਾਲੇ ਅਧੀਨ ਪੱਤਰਾਂ ਦੀ ਲਗਾਤਾਰਤਾ ਵਿੱਚ ਹੇਠ ਲਿਖੇ ਅਨੁਸਾਰ ਸੋਧ ਕਰਦੇ ਹੋਏ ਗਾਈਡਲਾਈਨਜ਼ ਜਾਰੀ ਕੀਤੀਆਂ ਜਾਦੀਆਂ ਹਨ :-

1. ਕਾਰਜ ਖੇਤਰ - ਇਕ ਖੇਤੀਬਾੜੀ ਸਭਾ ਨਾਲ ਆਮ ਤੌਰ ਤੇ ਵੱਧ ਤੋਂ ਵੱਧ 4 ਪਿੰਡ ਜੋੜੇ ਜਾਣਗੇ ਪਰ ਜਿਥੇ ਬਹੁਤ ਛੋਟੇ ਪਿੰਡ ਹੋਣ, ਉਥੇ ਵੱਧ ਤੋਂ ਵੱਧ 10 ਪਿੰਡ ਜੋੜੇ ਜਾਣਗੇ। ਇਕ ਪਿੰਡ ਵਿਚ ਕੇਵਲ ਇਕ ਹੀ ਸਹਿਕਾਰੀ ਖੇਤੀਬਾੜੀ ਸਭਾ ਹੋਵੇਗੀ ਚਾਹੇ ਉਹ ਪਿੰਡ ਜਿੰਨ੍ਹਾ ਮਰਜੀ ਵੱਡਾ ਹੋਵੇ।

2. ਮੈਂਬਰਸ਼ਿਪ - ਸਭਾ ਵਿਚ ਜ਼ਰਾਇਤੀ ਕਰਜਾ ਲੈਣ ਵਾਲੇ ਮੈਂਬਰਾਂ ਦੀ ਗਿਣਤੀ ਘੱਟ ਤੋਂ ਘੱਟ 300 ਹੋਣੀ ਚਾਹੀਦੀ ਹੈ।

3. ਆਫਿਸ-ਕਮ-ਗੋਦਾਮ - ਹਰ ਸਭਾ ਵਿਚ ਇਕ ਗੋਦਾਮ-ਕਮ-ਆਫਿਸ ਹੋਣਾ ਚਾਹੀਦਾ ਹੈ ਜਾਂ ਉਸ ਨੂੰ ਬਣਾਉਣ ਦੀ ਸਮਰੱਥਾ ਹੋਣੀ ਚਾਹਦੀ ਹੈ। ਜੇਕਰ ਕੋਈ ਨਵੀਂ ਗਠਿਤ ਹੋਈ ਸਭਾ ਆਪਣਾ ਗੋਦਾਮ ਨਹੀਂ ਬਣਾ ਸਕਦੀ ਤਾਂ ਉਸ ਪਾਸ ਗ੍ਰਾਮ ਪੰਚਾਇਤ ਆਦਿ ਵਲੋਂ ਦਿੱਤਾ ਗਿਆ ਯੋਗ ਸਮਰੱਥਾ ਦਾ ਗੋਦਾਮ ਉਪਲੱਬਧ ਹੋਵੇ। ਜਾਂ ਫਿਰ ਯੋਗ ਬਿਲਡਿੰਗ ਕਿਰਾਏ ਤੇ ਉਪਲੱਬਧ ਹੋਵੇ ਅਤੇ ਸਭਾ ਵਿਚ ਉਸਦਾ ਕਿਰਾਇਆ ਦੇਣ ਦੀ ਸਮਰੱਥਾ ਹੋਵੇ।

4. ਹੈਡਕੁਆਟਰ - ਸਭਾ ਦਾ ਹੈਡਕੁਆਟਰ ਉਸ ਪਿੰਡ ਵਿਚ ਹੋਣਾ ਚਾਹੀਦਾ ਹੈ ਜਿਥੇ ਕਿ ਸਭਾ ਦਾ ਮੁੱਖ ਗੋਦਾਮ ਸਥਿਤ ਹੈ। ਸਭਾ ਦਾ ਨਾਮ ਜਿਹੜੇ ਪਿੰਡ ਵਿਚ ਉਸ ਦਾ ਹੈਡਕੁਆਟਰ ਹੋਵੇ, ਉਸ ਪਿੰਡ ਦੇ ਨਾਮ ਤੇ ਹੋਣਾ ਚਾਹੀਦਾ ਹੈ।

5. <u>ਵਾਇਬਿਲਟੀ</u> - ਮੌਜੂਦਾ ਸਭਾ ਦੀ ਬਾਈਫਰਕੇਸ਼ਨ ਕਰਨ ਦੀ ਪ੍ਰਵਾਨਗੀ ਤਾਂ ਹੀ ਦਿੱਤੀ ਜਾਵੇਗੀ ਜੇਕਰ ਬਾਈਫਰਕੇਸ਼ਨ ਉਪਰੰਤ ਜਿਹੜੀਆਂ ਨਵੀਂਆਂ ਸਭਾਵਾਂ ਹੋਂਦ ਵਿਚ ਆਉਣਗੀਆਂ ਉਹ ਆਰਥਿਕ ਪੱਖੋਂ ਲੰਮੇ ਸਮੇਂ ਤੱਕ ਵਾਇਬਲ ਰਹਿਣ ਦੇ ਸਮਰੱਥ ਹੋਣ ਅਤੇ ਤਨਖ਼ਾਹਾਂ ਸਮੇਤ ਬਾਕੀ ਸਾਰੇ ਖ਼ਰਚੇ ਨਿਯਮਾਂ ਅਨੁਸਾਰ ਆਪਣੀ ਆਮਦਨ ਵਿਚੋਂ ਕੱਢਣ ਵਿਚ ਵੀ ਸਮਰੱਥ ਹੋਣ।

ਪੁਨਰਗਠਨ ਉਪਰੰਤ ਬਣੀ ਹਰ ਸਭਾ ਦਾ ਖੇਤੀਬਾੜੀ ਕਰਜਾ (loan to members) ਆਮ ਤੌਰ ਤੇ ਢਾਈ ਕਰੋੜ ਰੁਪਏ ਤੋਂ ਘੱਟ ਨਹੀਂ ਹੋਣਾ ਚਾਹੀਦਾ। ਇਸ ਤੋਂ ਇਲਾਵਾ ਸਾਰੇ ਸਰੋਤਾਂ ਤੋਂ ਸਭਾ ਦੀ ਆਮਦਨ ਇੰਨੀ ਹੋਣੀ ਚਾਹੀਦੀ ਹੈ ਕਿ ਨਿਯਮਾਂ ਅਤੇ ਸਮੇਂ-ਸਮੇਂ ਸਿਰ ਜਾਰੀ ਹਦਾਇਤਾਂ ਅਨੁਸਾਰ ਤਨਖ਼ਾਹਾਂ ਦਾ ਖਰਚ ਅਤੇ ਬਾਕੀ ਖਰਚਾ ਕੱਢਿਆ ਜਾ ਸਕੇ।

ਸਭਾਵਾਂ ਦੀ ਬਾਈਫਰਕੇਸ਼ਨ ਲਈ ਮਿਸਲ ਤਿਆਰ ਕਰਦੇ ਸਮੇਂ ਨਾਰਮਜ਼ ਅਨੁਸਾਰ ਮੌਜੂਦਾ ਸਭਾ/ ਸਭਾਵਾਂ ਦੇ ਪਿਛਲੇ ਤਿੰਨ ਸਾਲਾਂ ਦੇ ਅੰਕੜਿਆਂ ਬਾਰੇ ਇੱਕ ਵੇਰਵਾ ਬਣਾ ਕੇ ਆਮਦਨ ਖਰਚ ਦਾ ਵਿਸਲੇਸ਼ਨ ਕੀਤਾ ਜਾਵੇ। ਇਸ ਦੇ ਨਾਲ ਹੀ ਹੋਂਦ ਵਿੱਚ ਆਉਣ ਵਾਲੀਆਂ ਨਵੀਆਂ ਸਭਾਵਾਂ ਦੇ, ਨਾਰਮਜ਼ ਅਨੁਸਾਰ, ਆਉਂਦੇ ਤਿੰਨ ਸਾਲਾਂ ਦੇ ਅੰਕੜੇ ਅਤੇ ਪ੍ਰੋਜੈਕਟਿਡ ਆਮਦਨ ਖਰਚ ਆਦਿ ਦੇ ਵੇਰਵਿਆਂ ਦਾ ਵਿਸਲੇਸ਼ਨ ਕੀਤਾ ਜਾਵੇ ਤਾਂ ਕਿ ਇਹ ਯਕੀਨੀ ਹੋ ਸਕੇ ਕਿ ਨਵੀਆਂ ਬਣਨ ਵਾਲੀਆਂ ਸਭਾਵਾਂ ਦੇ ਆਮਦਨ ਦੇ ਸਰੋਤ ਠੋਸ ਹਨ ਅਤੇ ਇਹ ਸਭਾਵਾਂ ਲੰਬੇ ਸਮੇਂ ਤੱਕ ਆਪਣੇ ਖਰਚਿਆਂ ਤੋਂ ਵੱਧ ਲਾਭ ਕਮਾਉਣ ਵਿੱਚ ਸਮਰੱਥ ਹਨ।

6. ਜੇਕਰ ਪੁਨਰਗਠਨ ਉਪਰੰਤ ਬਣਨ ਵਾਲੀ ਕੋਈ ਸਭਾ ਉਪਰੋਕਤ ਪੈਰ੍ਹਾ ਨੰ: 2 ਅਤੇ 5 ਵਿਚ ਦੱਸੇ ਗਏ ਨਾਰਮ ਪੂਰੇ ਨਹੀਂ ਕਰਦੀ, ਪਰੰਤੂ ਸਮਰੱਥ ਅਧਿਕਾਰੀ ਯੋਗ ਕਾਰਣਾਂ ਕਰਕੇ ਇਹ ਮਹਿਸੂਸ ਕਰਦਾ ਹੈ ਕਿ ਸਭਾ ਇਕ ਸਾਲ ਵਿਚ ਉਪਰੋਕਤ ਨਾਰਮ ਪ੍ਰਾਪਤ ਕਰ ਸਕਦੀ ਹੈ ਤਾਂ ਪ੍ਰੋਵੀਜ਼ਨਲ ਆਧਾਰ ਤੇ ਸਭਾ ਦੀ ਬਾਈਫਰਕੇਸ਼ਨ ਕੀਤੀ ਜਾ ਸਕੇਗੀ। ਇਕ ਸਾਲ ਬਾਅਦ ਸਮਰੱਥ ਅਧਿਕਾਰੀ ਵਲੋਂ ਸਭਾ ਦੇ ਕੰਮ-ਕਾਰ ਦਾ ਰਿਵੀਊ ਕੀਤਾ ਜਾਵੇਗਾ ਅਤੇ ਜੇਕਰ ਨਵੀਂ ਬਣੀ ਸਭਾ ਵਲੋਂ ਇਕ ਸਾਲ ਵਿਚ ਇਹ ਨਾਰਮ ਪੂਰਾ ਨਹੀਂ ਕੀਤਾ ਜਾਂਦਾ ਤਾਂ ਸਮਰੱਥ ਅਧਿਕਾਰੀ ਦੀ ਇਹ ਜ਼ੁੰਮੇਵਾਰੀ ਹੋਵੇਗੀ ਕਿ ਉਹ ਉਸ ਸਭਾ ਨੂੰ ਮੁੜ ਪਹਿਲੀ ਸਭਾ ਵਿਚ ਅਮਲਗਾਮੇਟ ਕਰਨ ਲਈ ਯੋਗ ਕਾਰਵਾਈ ਅਗਲੇ ਛੇ ਮਹੀਨੇ ਦੇ ਵਿਚ-ਵਿਚ ਪੂਰੀ ਕਰੇ।

7. ਉਪਰੋਕਤ ਪੈਰ੍ਹਾ 6 ਅਧੀਨ ਜਿਹੜੀ ਨਵੀਂ ਸਭਾ ਬਣਾਈ ਜਾਵੇਗੀ ਉਸ ਵਿਚ ਇਕ ਸਾਲ ਤੱਕ ਜਾਂ ਜਿੰਨੀ ਦੇਰ ਨਾਰਮ ਪੂਰਾ ਨਹੀਂ ਹੁੰਦਾ, ਉਦੋਂ ਤੱਕ ਕੋਈ ਕਰਮਚਾਰੀ ਪੱਕੇ ਤੌਰ ਤੇ ਨਹੀਂ ਰੱਖਿਆ ਜਾਵੇਗਾ।

8. ਖੇਤਰੀ ਅਧਿਕਾਰੀਆਂ(ਸਹਾਇਕ/ਉਪ ਰਜਿਸਟਰਾਰ) ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਸਭਾਵਾਂ ਦੀ ਬਾਈਫਰਕੇਸ਼ਨ ਸਬੰਧੀ ਕੇਸ ਉਪਰੋਕਤ ਹਦਾਇਤਾਂ ਨੂੰ ਧਿਆਨ ਵਿਚ ਰੱਖਦੇ ਹੋਏ ਹੀ ਸਮਰੱਥ ਅਧਿਕਾਰੀ ਨੂੰ ਭੇਜੇ ਜਾਣ।

9. ਸਭਾਵਾਂ ਦੀ ਬਾਈਫਰਕੇਸ਼ਨ ਜਾਂ ਅਮਲਗਾਮੇਸ਼ਨ ਸਬੰਧੀ ਫੈਸਲਾ ਸੰਯੁਕਤ ਰਜਿਸਟਰਾਰ ਜਾਂ ਉਸ ਤੋਂ ਉਪਰਲੇ ਪੱਧਰ ਦੇ ਅਧਿਕਾਰੀ ਵੱਲੋਂ ਹੀ ਲਿਆ ਜਾ ਸਕੇਗਾ। ਇਸ ਤੋਂ ਹੇਠਲੇ ਪੱਧਰ ਦੇ ਕਿਸੇ ਵੀ ਅਧਿਕਾਰੀ ਵੱਲੋਂ ਇਸ ਸਬੰਧੀ ਫੈਸਲਾ ਨਹੀਂ ਲਿਆ ਜਾਵੇਗਾ।

ਇਹ ਹਦਾਇਤਾਂ ਪੰਜਾਬ ਕੋਆਪਰੇਟਿਵ ਸੋਸਾਇਟੀਜ਼ ਰੂਲਜ਼ 1963 ਦੀ ਧਾਰਾ 45 ਅਧੀਨ ਜਾਰੀ ਕੀਤੀਆਂ ਜਾਂਦੀਆਂ ਹਨ।

29/9/16

ਰਜਿਸਟਰਾਰ,
ਸਹਿਕਾਰੀ ਸਭਾਵਾਂ, ਪੰਜਾਬ,
ਚੰਡੀਗੜ੍ਹ।

ਪਿੱਠ ਅੰਕਣ ਨੰ:ਰਸਸ/ਰਿਣ-2/ਸੀ.ਈ.ਏ-1/ਸ.ਗਠਨ/ਪੁਨਰਗਠਨ/ 614 ਮਿਤੀ: 29.9.16

ਉਕਤ ਦਾ ਇਕ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ :-

1. ਸਮੂਹ ਵਧੀਕ ਰਜਿਸਟਰਾਰ, ਸਹਿਕਾਰੀ ਸਭਾਵਾਂ, ਮੁੱਖ ਦਫ਼ਤਰ।
2. ਮੈਨੇਜਿੰਗ ਡਾਇਰੈਕਟਰ, ਪੰਜਾਬ ਰਾਜ ਸਹਿਕਾਰੀ ਬੈਂਕ, ਸੈਕਟਰ 34, ਚੰਡੀਗੜ੍ਹ।

ਰਜਿਸਟਰਾਰ,
ਸਹਿਕਾਰੀ ਸਭਾਵਾਂ, ਪੰਜਾਬ,
ਚੰਡੀਗੜ੍ਹ।